Queensland
Human Rights
Commission

KNOW YOUR RIGHTS: PUNJABI

# ਆਪਣੇ ਅਧਿਕਾਰਾਂ ਨੂੰ ਜਾਣੋ:

## ਕੁਈਨਜ਼ਲੈਂਡ ਦੇ ਭੇਦਭਾਵ ਵਿਰੋਧੀ ਅਤੇ ਮਨੁੱਖੀ ਅਧਿਕਾਰ ਕਾਨੂੰਨਾਂ ਲਈ ਤੁਹਾਡੀ ਗਾਈਡ

ਕੁਈਨਜ਼ਲੈਂਡ ਵਿੱਚ, ਤੁਹਾਡੇ ਅਧਿਕਾਰਾਂ ਭੇਦਭਾਵ ਵਿਰੋਧੀ ਕਾਨੂੰਨ 1991 (Anti-Discrimination Act 1991) ਦੁਆਰਾ ਸੁਰੱਖਿਅਤ ਕੀਤੇ ਗਏ ਹਨ, ਜੋ ਭੇਦਭਾਵ, ਜਿਨਸੀ ਛੇੜਛਾੜ, ਅਤੇ ਬਦਨਾਮੀ ਕਰਨ ਦੀ ਮਨ੍ਹਾਹੀ ਕਰਦਾ ਹੈ, ਅਤੇ ਮਨੁੱਖੀ ਅਧਿਕਾਰ ਕਾਨੂੰਨ 2019 (Human Rights Act 2019), ਜੋ ਕਿ ਕੁਈਨਜ਼ਲੈਂਡ ਵਿੱਚ ਹਰੇਕ ਵਿਅਕਤੀ ਲਈ 23 ਅਧਿਕਾਰਾਂ ਦੀ ਰੱਖਿਆ ਕਰਦਾ ਹੈ।

## **ਕੁਈਨਜ਼ਲੈਂਡ ਦੇ ਮਨੁੱਖੀ ਅਧਿਕਾਰ ਕਾਨੂੰਨ** ਇਨ੍ਹਾਂ ਹੇਠਾਂ ਲਿਖੀਆਂ ਚੀਜ਼ਾਂ ਲਈ ਹਰੇਕ ਦੇ ਅਧਿਕਾਰਾਂ ਦੀ ਰੱਖਿਆ ਕਰਦੇ ਹਨ:

- ਕਾਨੂੰਨ ਦੇ ਸਾਹਮਣੇ ਮਾਨਤਾ ਅਤੇ ਸਮਾਨਤਾ ਲਈ
- ਜੀਵਨ ਲਈ
- ਤਸ਼ੱਦਦ ਅਤੇ ਬੇਰਹਿਮ, ਅਣਮਨੁੱਖੀ ਜਾਂ ਅਪਮਾਨਜਨਕ ਵਿਵਹਾਰ ਤੋਂ ਸੁਰੱਖਿਆ ਲਈ
- ਜਬਰੀ ਕੰਮ ਤੋਂ ਆਜ਼ਾਦੀ ਲਈ
- ਅੰਦੋਲਨ ਦੀ ਆਜ਼ਾਦੀ ਲਈ
- ਵਿਚਾਰ, ਜ਼ਮੀਰ, ਧਰਮ ਅਤੇ ਵਿਸ਼ਵਾਸ ਦੀ ਆਜ਼ਾਦੀ ਲਈ
- ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਲਈ
- ਸ਼ਾਂਤੀਪੂਰਨ ਢੰਗ ਨਾਲ ਇਕੱਠੇ ਹੋਣ ਅਤੇ ਐਸੋਸੀਏਸ਼ਨ ਕਰਨ ਦੀ ਆਜ਼ਾਦੀ ਲਈ
- ਜਨਤਕ ਜੀਵਨ ਵਿੱਚ ਹਿੱਸਾ ਲੈਣ ਲਈ
- ਜਾਇਦਾਦ ਦੇ ਅਧਿਕਾਰਾਂ ਲਈ
- ਗੁਪਤਤਾ ਅਤੇ ਸਨਮਾਨ ਲਈ
- ਪਰਿਵਾਰਾਂ ਅਤੇ ਬੱਚਿਆਂ ਦੀ ਸੁਰੱਖਿਆ ਲਈ
- ਸੱਭਿਆਚਾਰਕ ਅਧਿਕਾਰਾਂ ਲਈ - ਆਮ ਤੌਰ 'ਤੇ
- ਸੱਭਿਆਚਾਰਕ ਅਧਿਕਾਰਾਂ ਲਈ - ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ
- ਵਿਅਕਤੀ ਦੀ ਆਜ਼ਾਦੀ ਅਤੇ ਸੁਰੱਖਿਆ ਲਈ
- ਆਜ਼ਾਦੀ ਤੋਂ ਵਾਂਝੇ ਹੋਣ 'ਤੇ ਮਨੁੱਖੀ ਵਿਵਹਾਰ ਕਰਨ ਲਈ
- ਨਿਰਪੱਖ ਸੁਣਵਾਈ ਲਈ
- ਅਪਰਾਧਿਕ ਕਾਰਵਾਈਆਂ ਵਿੱਚ ਅਧਿਕਾਰਾਂ ਲਈ
- ਅਪਰਾਧਿਕ ਪ੍ਰਕਿਰਿਆ ਵਿੱਚ ਬੱਚਿਆਂ ਦੇ ਅਧਿਕਾਰਾਂ ਲਈ
- ਇੱਕ ਵਾਰ ਤੋਂ ਵੱਧ ਮੁਕੱਦਮਾ ਚਲਾਉਣ ਜਾਂ ਸਜ਼ਾ ਨਾ ਦੇਣ ਲਈ
- ਸਿੱਖਿਆ
- ਸਿਹਤ ਸੇਵਾਵਾਂ ਲਈ।

ਮਨੁੱਖੀ ਅਧਿਕਾਰ ਕਾਨੂੰਨ ਦਾ ਮਤਲਬ ਹੈ ਕਿ ਕੁਈਨਜ਼ਲੈਂਡ ਪਾਰਲੀਮੈਂਟ ਨੂੰ ਇਹਨਾਂ ਅਧਿਕਾਰਾਂ ਨੂੰ ਵਿਚਾਰਨਾ ਪੈਂਦਾ ਹੈ ਜਦੋਂ ਉਹ ਕਾਨੂੰਨ ਬਣਾਉਂਦੇ ਜਾਂ ਬਦਲਦੇ ਹਨ, ਅਤੇ ਇਹ ਕਿ ਜਨਤਕ ਸੰਸਥਾਵਾਂ ਨੂੰ ਇਹਨਾਂ ਅਧਿਕਾਰਾਂ ਮਾਫ਼ਕ ਕੰਮ ਕਰਨ ਦੀ ਲੋੜ ਹੁੰਦੀ ਹੈ ਜਦੋਂ ਉਹ ਕੰਮ ਕਰਦੀਆਂ ਹਨ ਜਾਂ ਫ਼ੈਸਲੇ ਲੈਂਦੀਆਂ ਹਨ।

ਜਨਤਕ ਸੰਸਥਾਵਾਂ ਕੁਈਨਜ਼ਲੈਂਡ ਵਿੱਚ ਅਤੇ ਲਈ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਜਨਤਕ ਸੰਸਥਾਵਾਂ ਵਿੱਚ ਰਾਜ ਸਰਕਾਰ ਦੇ ਵਿਭਾਗ, ਮੰਤਰੀ, ਪਬਲਿਕ ਸਕੂਲ, ਪਬਲਿਕ ਹਸਪਤਾਲ, ਕੁਈਨਜ਼ਲੈਂਡ ਪੁਲਿਸ ਸੇਵਾ, ਸਥਾਨਕ ਕੌਂਸਲਾਂ ਅਤੇ ਕੌਂਸਲਰ, ਅਤੇ ਸਰਕਾਰੀ ਮੁਲਾਜ਼ਮ ਸ਼ਾਮਲ ਹਨ।

ਕੁੱਝ ਗ਼ੈਰ-ਸਰਕਾਰੀ ਸੰਸਥਾਵਾਂ ਨੂੰ ਵੀ ਜਨਤਕ ਸੰਸਥਾਵਾਂ ਮੰਨਿਆ ਜਾਂਦਾ ਹੈ ਜੇ ਸਰਕਾਰ ਦੀ ਤਰਫੋਂ ਜਨਤਕ ਸੇਵਾਵਾਂ ਪ੍ਰਦਾਨ ਕਰਦੀਆਂ ਹਨ - ਉਦਾਹਰਨ ਲਈ, ਜਨਤਕ ਰਿਹਾਇਸ਼ ਸੇਵਾ ਪ੍ਰਦਾਨ ਵਾਲੀ ਇੱਕ ਗ਼ੈਰ-ਮੁਨਾਫ਼ਾਕਾਰੀ ਸੰਸਥਾ।

ਮਨੁੱਖੀ ਅਧਿਕਾਰ ਕਾਨੂੰਨ ਦੁਆਰਾ ਸੁਰੱਖਿਅਤ ਕੀਤੇ ਗਏ ਅਧਿਕਾਰ ਸੰਪੂਰਨ ਨਹੀਂ ਹਨ, ਜਿਸਦਾ ਮਤਲਬ ਹੈ ਕਿ ਉਹ ਵਾਜਬ ਸੀਮਾਵਾਂ ਦੇ ਅਧੀਨ ਸੀਮਤ ਹੋ ਸਕਦੇ ਹਨ।

## **ਕੁਈਨਜ਼ਲੈਂਡ ਦੇ ਭੇਦਭਾਵ ਵਿਰੋਧੀ ਕਾਨੂੰਨ** ਦਾ ਮਤਲਬ ਹੈ ਕਿ ਤੁਹਾਡੇ ਨਾਲ ਤੁਹਾਡੇ ਇਨ੍ਹਾਂ ਕਾਰਨ ਕਰਕੇ ਭੇਦਭਾਵ ਨਹੀਂ ਕੀਤਾ ਜਾ ਸਕਦਾ ਹੈ:

- ਲਿੰਗ ਕਰਕੇ
- ਵਿਆਹੁਤਾ ਦਰਜੇ ਕਰਕੇ
- ਗਰਭ-ਅਵਸਥਾ ਕਰਕੇ
- ਮਾਤਾ-ਪਿਤਾ ਹੋਣ ਕਰਕੇ
- ਛਾਤੀ ਦਾ ਦੁੱਧ ਚੁੰਘਾਉਣ ਕਰਕੇ ਕਰਕੇ
- ਉਮਰ ਕਰਕੇ
- ਨਸਲ ਕਰਕੇ
- ਅਪੰਗਤਾ ਕਰਕੇ
- ਧਾਰਮਿਕ ਵਿਸ਼ਵਾਸ ਜਾਂ ਗਤੀਵਿਧੀ ਕਰਕੇ
- ਰਾਜਨੀਤਿਕ ਵਿਸ਼ਵਾਸ ਜਾਂ ਗਤੀਵਿਧੀ ਕਰਕੇ
- ਟਰੇਡ ਯੂਨੀਅਨ ਗਤੀਵਿਧੀ ਕਰਕੇ
- ਕਾਨੂੰਨੀ ਜਿਨਸੀ ਗਤੀਵਿਧੀ ਕਰਕੇ
- ਲਿੰਗ ਪਛਾਣ ਕਰਕੇ
- ਲਿੰਗਕਤਾ ਕਰਕੇ
- ਲਿੰਗ ਵਿਸ਼ੇਸ਼ਤਾਵਾਂ ਕਰਕੇ
- ਪਰਿਵਾਰਕ ਜ਼ਿੰਮੇਵਾਰੀਆਂ ਕਰਕੇ
- ਇਹਨਾਂ ਵਿੱਚੋਂ ਕਿਸੇ ਵੀ ਵਿਸ਼ੇਸ਼ਤਾ ਵਾਲੇ ਵਿਅਕਤੀ ਨਾਲ ਸੰਬੰਧ ਜਾਂ ਰਿਸ਼ਤੇ ਕਾਰਨ।

## ਜਦੋਂ ਤੁਸੀਂ ਇਨ੍ਹਾਂ ਥਾਵਾਂ 'ਤੇ ਹੁੰਦੇ ਹੋ:

- ਕੰਮ 'ਤੇ (ਨੌਕਰੀ ਲਈ ਅਰਜ਼ੀ ਦੇਣ, ਜਾਂ ਕੰਮ ਦਾ ਤਜ਼ਰਬਾ ਲੈਣ ਸਮੇਤ);
- ਸਕੂਲ, TAFE ਜਾਂ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਜਾਂ ਜਾਣ ਸਮੇਂ;
- ਘਰ, ਫਲੈਟ, ਜਾਂ ਥੋੜ੍ਹੇ ਸਮੇਂ ਦੀ ਰਿਹਾਇਸ਼, ਜਾਂ ਵਪਾਰਕ ਸਥਾਨ ਕਿਰਾਏ 'ਤੇ ਲੈਣ ਸਮੇਂ; ਜਾਂ
- ਦੁਕਾਨਾਂ, ਜਨਤਕ ਆਵਾਜਾਈ, ਕੈਫ਼ੇ, ਮੈਡੀਕਲ ਸੈਂਟਰ, ਟੈਕਸੀਆਂ ਅਤੇ ਸਰਕਾਰੀ ਸੇਵਾਵਾਂ ਸਮੇਤ ਚੀਜ਼ਾਂ ਜਾਂ ਸੇਵਾਵਾਂ ਦੀ ਵਰਤੋਂ ਕਰਨ ਸਮੇਂ।

ਇਹ ਭੇਦਭਾਵ ਵਿਰੋਧੀ ਕਾਨੂੰਨ ਨਸਲ, ਧਰਮ, ਲਿੰਗਕਤਾ, ਲਿੰਗ ਵਿਸ਼ੇਸ਼ਤਾਵਾਂ, ਜਾਂ ਲਿੰਗ ਪਛਾਣ ਦੇ ਆਧਾਰ 'ਤੇ ਜਿਨਸੀ ਸੋਸ਼ਣ, ਅਤੇ ਬਦਨਾਮੀ ਕਰਨ 'ਤੇ ਵੀ ਪਾਬੰਦੀ ਲਗਾਉਂਦਾ ਹੈ।

**ਜਿਨਸੀ ਸੋਸ਼ਣ** ਹਰੇਕ ਥਾਂ 'ਤੇ ਗ਼ੈਰ-ਕਾਨੂੰਨੀ ਹੈ। ਜਿਨਸੀ ਸੋਸ਼ਣ ਕਾਮੁਕ ਸੁਭਾਅ ਦਾ ਕੋਈ ਵੀ ਅਣਚਾਹਿਆ ਵਤੀਰਾ ਹੈ। ਇਸ ਵਿੱਚ ਅਣਚਾਹੀ ਸਰੀਰਕ ਨੇੜਤਾ ਜਿਵੇਂ ਕਿ ਕਾਮੁਕ ਤਰੀਕੇ ਨਾਲ ਛੂਹਣਾ, ਅਣਚਾਹੇ ਕਾਮੁਕ ਪ੍ਰਸਤਾਵ, ਅਤੇ ਕਾਮੁਕ ਅਰਥਾਂ ਵਾਲੀਆਂ ਟਿੱਪਣੀਆਂ ਕਰਨੀਆਂ ਸ਼ਾਮਲ ਹਨ।

**ਬਦਨਾਮੀ** ਇੱਕ ਜਨਤਕ ਕਾਰਵਾਈ ਹੈ ਜੋ ਕਿਸੇ ਵਿਅਕਤੀ ਜਾਂ ਲੋਕਾਂ ਦੇ ਸਮੂਹ ਦੀ ਨਸਲ, ਧਰਮ, ਲਿੰਗਕਤਾ ਜਾਂ ਲਿੰਗ ਪਛਾਣ ਦੇ ਕਾਰਨ ਨਫ਼ਰਤ, ਅਪਮਾਨ, ਜਾਂ ਗੰਭੀਰ ਮਖੌਲ ਉਡਾਉਂਦਾ ਹੈ। ਜਿੱਥੇ ਇਸ ਵਿੱਚ ਸਰੀਰਕ ਹਿੰਸਾ ਦੀ ਧਮਕੀ ਵੀ ਸ਼ਾਮਲ ਹੈ, ਉੱਥੇ ਇਹ ਇੱਕ ਅਪਰਾਧਿਕ ਅਪਰਾਧ ਹੈ।

## ਵਧੇਰੇ ਜਾਣਕਾਰੀ

ਕੁਈਨਜ਼ਲੈਂਡ ਦੇ ਮਨੁੱਖੀ ਅਧਿਕਾਰਾਂ ਅਤੇ ਭੇਦਭਾਵ ਸੰਬੰਧੀ ਕਾਨੂੰਨ ਬਾਰੇ ਵਧੇਰੇ ਜਾਣਕਾਰੀ ਸਾਡੀ ਵੈੱਬਸਾਈਟ www.qhrc.qld.gov.au 'ਤੇ ਉਪਲਬਧ ਹੈ।

ਤੁਸੀਂ ReachDeck ਟੂਲ ਦੀ ਵਰਤੋਂ ਕਰਕੇ ਸਾਡੀ ਵੈੱਬਸਾਈਟ 'ਤੇ ਕਿਸੇ ਵੀ ਜਾਣਕਾਰੀ ਦਾ ਅਨੁਵਾਦ ਕਰ ਸਕਦੇ ਹੋ।

ReachDeck ਆਈਕਨ 'ਤੇ ਕਲਿੱਕ ਕਰੋ (ਸਪੀਕਰ ਨਾਲ ਸੰਤਰੀ ਚੱਕਰ ਵਾਲਾ ਚਿੰਨ੍ਹ, ਆਮ ਤੌਰ 'ਤੇ ਤੁਹਾਡੀ ਸਕ੍ਰੀਨ ਦੇ ਉੱਪਰਲੇ ਸੱਜੇ ਕੋਨੇ ਵਿੱਚ ਹੁੰਦਾ ਹੈ)।

ਜਦੋਂ ReachDeck ਟੂਲਬਾਰ ਦਿਖਾਈ ਦਿੰਦਾ ਹੈ, ਤਾਂ ਦੋ ਆਇਤਕਾਰ ਡੱਬਿਆਂ ਵਾਲੇ (ਖੱਬੇ ਤੋਂ ਚੌਥੇ) ਆਈਕਨ 'ਤੇ ਕਲਿੱਕ ਕਰੋ।

ਡ੍ਰੌਪ-ਡਾਉਨ ਮੀਨੂ ਵਿੱਚੋਂ ਆਪਣੀ ਭਾਸ਼ਾ ਚੁਣੋ।

## ਸਾਡੇ ਨਾਲ ਸੰਪਰਕ ਕਰੋ

ਜੇਕਰ ਤੁਹਾਡੇ ਨਾਲ ਭੇਦਭਾਵ ਕੀਤਾ ਗਿਆ ਹੈ, ਜਾਂ ਜਿਨਸੀ ਸੋਸ਼ਣ ਕੀਤਾ ਗਿਆ ਹੈ ਜਾਂ ਜਨਤਕ ਤੌਰ 'ਤੇ ਬਦਨਾਮ ਕੀਤਾ ਗਿਆ ਹੈ, ਜਾਂ ਜੇ ਕਿਸੇ ਜਨਤਕ ਸੰਸਥਾ ਨੇ ਤੁਹਾਡੇ ਅਧਿਕਾਰਾਂ ਨੂੰ ਗ਼ੈਰ-ਵਾਜਬ ਢੰਗ ਨਾਲ ਸੀਮਤ ਕੀਤਾ ਹੈ, ਤਾਂ ਤੁਸੀਂ ਕੁਈਨਜ਼ਲੈਂਡ ਹਿਊਮਨ ਰਾਈਟਸ ਕਮਿਸ਼ਨ ਕੋਲ ਸ਼ਿਕਾਇਤ ਕਰਨ ਦੇ ਯੋਗ ਹੋ ਸਕਦੇ ਹੋ।

ਇਸ ਕਾਨੂੰਨ ਅਤੇ ਭੇਦਭਾਵ ਜਾਂ ਮਨੁੱਖੀ ਅਧਿਕਾਰਾਂ ਦੀ ਸ਼ਿਕਾਇਤ ਕਰਨ ਬਾਰੇ ਜਾਣਕਾਰੀ ਸਾਡੀ ਵੈੱਬਸਾਈਟ www.qhrc.qld.gov.au 'ਤੇ ਉਪਲਬਧ ਹੈ।

ਜੇਕਰ ਤੁਸੀਂ ਨਸਲੀ ਦੁਰਵਿਵਹਾਰ ਜਾਂ ਭੇਦਭਾਵ ਦਾ ਅਨੁਭਵ ਕੀਤਾ ਹੈ, ਤਾਂ ਤੁਸੀਂ www.qhrc.qld.gov.au 'ਤੇ ਰਸਮੀ ਸ਼ਿਕਾਇਤ ਕਰਨ ਦੀ ਬਜਾਏ ਸਾਨੂੰ ਇਸਦੀ ਰਿਪੋਰਟ ਕਰਨਾ ਵੀ ਚੁਣ ਸਕਦੇ ਹੋ।

ਤੁਸੀਂ ਕੁਈਨਜ਼ਲੈਂਡ ਵਿੱਚ ਕਿਤੋਂ ਵੀ ਇਸ ਕਮਿਸ਼ਨ ਨੂੰ ਸੋਮਵਾਰ ਤੋਂ ਸ਼ੁੱਕਰਵਾਰ ਤੱਕ 1300 130 670 'ਤੇ ਟੋਲ-ਫ੍ਰੀ ਕਾਲ ਕਰ ਸਕਦੇ ਹੋ।

ਜੇਕਰ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਗੱਲ ਕਰਨਾ ਚਾਹੁੰਦੇ ਹੋ, ਤਾਂ ਤੁਸੀਂ Translationz ਨੂੰ 07 4863 4444 'ਤੇ ਸੰਪਰਕ ਕਰਕੇ ਉਹਨਾਂ ਦੀ ਮੰਗਣ 'ਤੇ ਉਪਲਬਧ ਸੇਵਾ ਨਾਲ ਅਜਿਹਾ ਕਰ ਸਕਦੇ ਹੋ।

Queensland Human Rights Commission

More information is available from the Queensland Human Rights Commission website at www.qhrc.qld.gov.au.

This fact sheet last updated: April 2024